# ਪੰਜਾਬ ਐਜੂਸੈਟ ਸੁਸਾਇਟੀ


ਐਸ.ਸੀ.ਓ.104-106,ਦੂਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ,

ਫੋਨ ਨੰ: 0172-2623207, 2621104, 2621106, ਫੈਕਸ: 2624687 **ਈ-ਮੇਲ** eudsat.punjab@gmail.com


ਸੇਵਾ ਵਿਖੇ

1.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ।

2.0 ਸਬੰਧਤ ਸਕੂਲ ਮੁੱਖੀ, ਵਿਸ਼ਾ ਅਧਿਆਪਕ ਅਤੇ ਵਿਦਿਆਰਥੀ (ਵੈਬਸਾਈਟ ਰਾਹੀਂ)

ਮੀਮੋ ਨੰ. 24/40/2008/ਪੀ.ਈ.ਐਸ/ਸੈਕਟੋਰਲ ਕਮੇਟੀ/ 3681

ਮਿਤੀ, ਚੰਡੀਗੜ੍ਹ: 23.01.2013

ਵਿਸ਼ਾ: **ਐਜੂਸੈਟ ਟਾਈਮ ਸ਼ਡਿਊਲ (ਫਰਵਟੀ 2013)।**

1.0 ਫਰਵਰੀ 2013 ਦੀ ਐਜੂਸੈਟ ਸ਼ਡਿਊਲ ਜਿਸ ਵਿੱਚ 8ਵੀਂ ਤੋਂ 12ਵੀਂ ਜਮਾਤ ਲਈ ਸਕੂਲ ਸਿੱਖਿਆ ਵਿਭਾਗ ਲਈ ਨਸ਼ਰ ਕੀਤੇ ਜਾਣ ਵਾਲੇ ਰੈਗੂਲਰ ਪ੍ਰੋਗਰਾਮ ਦਾ ਵੇਰਵਾ ਹੈ, ਭੇਜੀ ਜਾ ਰਹੀ ਹੈ। ਕ੍ਰਿਪਾ ਕਰਕੇ ਸਬੰਧਤ ਸਕੂਲ ਮੁੱਖੀ ਯਕੀਨੀ ਬਣਾਉਣ ਕਿ ਸ਼ਡਿਊਲ ਮੁਤਾਬਿਕ ਸਬੰਧਤ ਵਿਸ਼ਾ ਅਧਿਆਪਕ ਅਤੇ ਵਿਦਿਆਰਥੀ ਐਜੂਸੈਂਟ ਰੂਮ ਵਿੱਚ ਹਾਜ਼ਰ ਰਹਿ ਕਿ ਨਸ਼ਰ ਕੀਤੇ ਪ੍ਰੋਗਰਾਮਾ ਵਿੱਚ ਭਾਗ ਲੈਣ।ਕਿਸੇ ਤਕਨੀਕੀ ਖਰਾਬੀ ਕਾਰਣ ਨੈਟਵਰਕ ਫੇਲ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਵਿਸ਼ਾ ਅਧਿਆਪਕ ਟਾਪਿਕ ਨੂੰ ਪੂਰਾ ਕਰੇਗਾ। ਐਜੂਸੈਟ ਲਾਈਬਰੇਰੀ ਦੀ ਵਰਤੋਂ ਪੀਰੀਅਡ ਐਡਜਸਟਮੈਂਟ ਲਈ ਜਰੂਰ ਕੀਤੀ ਜਾਵੇ।

2.0 ਐਜੂਸੈਟ ਰੂਮ ਅਤੇ ਐਜੂਸੈਟ ਲਾਈਬਰੇਰੀ ਵਿੱਚ ਹਰ ਸਬੰਧਤ ਪੀਰੀਅਡ ਵਿੱਚ ਵਿਦਿਆਰਥੀਆਂ ਦੀ ਹਾਜ਼ਰੀ ਐਜੂਸੈਂਟ ਰਜਿਸਟਰ ਵਿੱਚ ਲਗਾਈ ਜਾਵੇ ਅਤੇ ਸਟੇਟ ਦਫਤਰ ਵੱਲੋ ਟੈਲੀਫੂਨ ਰਾਹੀ ਸਕੂਲ ਮੁੱਖੀਆਂ, ਵਿਸ਼ਾ ਅਧਿਆਪਕਾਂ ਅਤੇ ਵਿਦਿਆਰਥੀਆਂ ਤੋਂ ਲਿਆ ਜਾਣ ਵਾਲਾ ਫੀਡਬੈਕ ਵੀ ਦਿੱਤਾ ਜਾਵੇ। ਸਕੂਲ ਮੁੱਖੀ ਐਜੂਸੈਟ ਰਜਿਸਟਰ ਵਿੱਚ, ਐਜੂਸੈਟ ਪ੍ਰੋਗਰਾਮਾ ਦਾ ਰਿਕਾਰਡ ਵੀ ਤਸਦੀਕ ਕਰੇਗਾ, ਜਿਸ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਤੇ ਸਬੰਧਤ ਅਧਿਆਪਕ ਦਾ ਨਾਮ ਵੀ ਦਰਜ ਹੋਵੇ।

3.0 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਮੁਕਾਬਲੇ ਦੀਆਂ ਪ੍ਰੀਖਿਆਵਾਂ 2013 (ਮੈਡੀਕਲ/ਨਾਨ-ਮੈਡੀਕਲ) ਦੀ ਤਿਆਰੀ ਲਈ ਐਜੂਸੈਟ ਰਾਹੀਂ ਪ੍ਰੋਗਰਾਮ ਮਿਤੀ 01.01.2013 ਤੋਂ ਸ਼ੁਰੂ ਕੀਤਾ ਗਿਆ ਸੀ, ਜਿਸ ਅਨੁਸਾਰ ਸਾਰੇ ਮੈਡੀਕਲ ਅਤੇ ਨਾਨ-ਮੈਡੀਕਲ ਦੇ ਵਿੱਦਿਆਰਥੀ ਰਿਸੈਸ ਤੋਂ ਬਾਅਦ ਮੁਕਾਬਲੇ ਦੀ ਪ੍ਰੀਖਿਆ ਦੇ ਪ੍ਰੋਗਰਾਮ ਅਟੈਂਡ ਕਰਨਗੇ ਜਿਸ ਨਾਲ ਉਹਨਾਂ ਦੀ ਪੱਕੇ ਪੇਪਰਾਂ ਦੀ ਤਿਆਰੀ ਵੀ ਹੋ ਜਾਵੇਗੀ। ਇਹ ਪ੍ਰੋਗਰਾਮ 28.02.2013 ਤੱਕ (ਦੂਜੇ ਸ਼ਨੀਵਾਰ ਮਿਤੀ 09.02.2013 ਨੂੰ ਵੀ) ਹੋਵੇਗਾ। ਬਾਕੀ ਦੀ ਸ਼ਡਿਊਲ ਅਤੇ ਸਟੱਡੀ ਮਟੀਰੀਅਲ ਵੀ ਐਸ.ਐਸ.ਏ ਦੀ ਵੈਬਸਾਈਟ ਤੇ ਉਪਲਬਧ ਕਰਵਾ ਦਿੱਤੇ ਗਏ ਹਨ।

4.0 ਸਲਾਨਾ ਪ੍ਰੀਖਿਆਵਾਂ ਦੇ ਮੱਦੇ ਨਜ਼ਰ ਐਜੂਸੈਟ ਰਾਹੀਂ ਪ੍ਰਸਾਰਿਤ ਹੋਣ ਵਾਲੇ ਪ੍ਰੋਗਰਾਮ (8ਵੀਂ ਤੋਂ 12ਵੀਂ) ਮਿਤੀ 19.02.2013 ਤੱਕ ਹੀ ਚਲਾਏ ਜਾਣਗੇ।

5.0 ਮਿਤੀ 20.02.2013 ਤੋਂ 28.02.2013 ਤੱਕ ਐਜੂਸੈਟ ਰਾਹੀਂ ਸਵੇਰੇ 09:00 ਵਜੇ ਤੋਂ 01:00 ਵਜੇ ਤੱਕ 11ਵੀਂ ਅਤੇ 12ਵੀਂ ਨੂੰ ਪੜ੍ਹਾਉਂਣ ਵਾਲੇ ਸਮੂਹ ਅੰਗਰੇਜੀ ਲੈਕਚਰਾਰਾਂ/ਅਧਿਆਪਕਾਂ ਨੂੰ ਸਾਫਟ ਸਕਿਲ ਡਿਵੈਲਪਮੈਂਟ ਪ੍ਰੋਗਰਾਮ ਸਬੰਧੀ ਟ੍ਰੇਨਿੰਗ ਦਿੱਤੀ ਜਾਵੇਗੀ। ਸਕੂਲ ਮੁੱਖੀ ਇਨ੍ਹਾਂ ਅੰਗਰੇਜੀ ਲੈਕਚਰਾਰਾਂ/ਅਧਿਆਪਕਾਂ ਦੀ ਹਾਜ਼ਰੀ ਅਤੇ ਟ੍ਰੇਨਿੰਗ ਅਟੈਂਡ ਕਰਵਾਉਣਾ ਅਤੇ ਇਸ ਪ੍ਰੋਗਰਾਮ ਨੂੰ ਅਗਲੇ ਵਿੱਦਿਅਕ ਵਰ੍ਹੇ ਤੋਂ 11ਵੀਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਲਾਗੂ ਕਰਾਉਣਾ ਯਕੀਨੀ ਬਣਾਉਣ।

**ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ**
ਪੰਜਾਬ ਐਜੂਸੈਟ ਸੁਸਾਇਟੀ
ਮਿਤੀ,ਚੰਡੀਗੜ੍ਹ: 23.01.13

ਪਿੱਠ ਅੰਕਣ ਨੰ. 24/40/2008/ਪੀ.ਈ.ਐਸ/ਸੈਕਟੋਰਲ ਕਮੇਟੀ/3682

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡੀ.ਪੀ.ਆਈ. (ਸੈ.ਸਿ.) ਪੰਜਾਬ, ਚੰਡੀਗੜ੍ਹ
2. ਡਿਪਟੀ ਐਸ.ਪੀ.ਡੀ.(ਆਰ.ਐਮ.ਐਸ.ਏ) ਨੂੰ ਏ.ਐਸ.ਪੀ.ਡੀ. (ਟੀ.ਟੀ) ਰਾਹੀਂ ਲੋੜੀਂਦੀ ਕਾਰਵਾਈ ਹਿੱਤ।
3. ਮੈਸਰਜ਼ ਗਿਆਨ ਸੇਵਾ ਟ੍ਰਸਟ, ਨਵੀ ਦਿੱਲੀ।
4. ਮੈਸਰਜ਼ ਵਿਜ਼ਨ ਅਨਲਿਮੀਟਿਡ, ਚੰਡੀਗੜ੍ਹ ਨੂੰ ਟ੍ਰੇਨਿੰਗ ਮੈਨੂਅਲ ਅਤੇ ਵਰਕ ਬੁੱਕ ਉਪਲਬਧ ਕਰਾਉਣ ਹਿੱਤ ਅਤੇ ਟ੍ਰੇਨਿੰਗ ਸਬੰਧੀ ਮੁਕੰਮਲ ਕਾਰਵਾਈ ਕਰਵਾਉਣ ਹਿੱਤ।
5. ਸਬੰਧਤ ਵਿਸ਼ਾ ਮਾਹਿਰ, ਐਜੂਸੈਟ ।

**ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ**
ਪੰਜਾਬ ਐਜੂਸੈਟ ਸੁਸਾਇਟੀ
ਮਿਤੀ,ਚੰਡੀਗੜ੍ਹ: 23.01.13

ਪਿੱਠ ਅੰਕਣ ਨੰ. 24/40/2008/ਪੀ.ਈ.ਐਸ/ਸੈਕਟੋਰਲ ਕਮੇਟੀ/3683

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਵੇਬਸਾਈਟ ਤੇ ਪਾਉਣ ਹਿੱਤ।

**ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ**
ਪੰਜਾਬ ਐਜੂਸੈਟ ਸੁਸਾਇਟੀ